ਕੋਵਿਡ-19 ਦੇ ਟੀਕੇ

ਅਕਸਰ ਪੁੱਛੇ ਜਾਣ ਵਾਲੇ ਸਵਾਲ

ਨਵੀਨਤਮ ਅੱਪਡੇਟ: 5 ਅਗਸਤ, 2021

ਮੈਨੂੰ ਪਹਿਲਾਂ ਵੀ ਕੋਵਿਡ-19 ਹੋ ਚੁੱਕਿਆ ਹੈ। ਕੀ ਮੈਨੂੰ ਹਾਲੇ ਵੀ ਟੀਕਾ ਲਗਵਾਉਣ ਦੀ ਲੋੜ ਹੈ?

ਹਾਂ। ਪਿਛਲੇ ਸੰਕਰਮਣ ਤੋਂ ਇਮਿਊਨਿਟੀ ਬਹੁਤ ਲੰਮੇ ਸਮੇਂ ਤੱਕ ਨਹੀਂ ਰਹਿ ਸਕਦੀ। ਦੁਬਾਰਾ ਕੋਵਿਡ-19 ਹੋਣ ਦੀ ਸੰਭਾਵਨਾ ਹੈ। ਬਿਹਤਰ ਰੱਖਿਆ ਲਈ ਦੋ ਖੁਰਾਕਾਂ ਵਾਲੇ ਟੀਕੇ ਲਗਵਾਓ।

ਕਿਹੜਾ ਟੀਕਾ ਬਿਹਤਰ ਹੈ?

ਹੈਲਥ ਕੈਨੇਡਾ ਦੁਆਰਾ ਮਨਜ਼ੂਰਸ਼ੁਦਾ ਕੋਵਿਡ-19 ਦੇ ਸਾਰੇ ਟੀਕੇ ਕੋਵਿਡ-19 ਤੋਂ ਗੰਭੀਰ ਬਿਮਾਰੀ ਨੂੰ ਰੋਕਦੇ ਹਨ।

ਕੀ mRNA ਦੇ ਟੀਕੇ ਬਦਲਨਯੋਗ ਹਨ?

ਦੋ mRNA ਟੀਕੇ (Moderna ਅਤੇ Pfizer) ਇੱਕ ਸਮਾਨ ਤਕਨਾਲੋਜੀ ਦੀ ਵਰਤੋਂ ਕਰਦੇ ਹਨ, ਅਤੇ ਟੀਕੇ ਮਿਕਸ ਕਰਨ ਲਈ ਸੁਰੱਖਿਅਤ ਹਨ। ਬਿਹਤਰ ਅਤੇ ਲੰਮੀ ਸੁਰੱਖਿਆ ਲਈ ਦੋ ਖੁਰਾਕਾਂ ਵਾਲੇ ਲਗਵਾਉਣਾ ਮਹੱਤਵਪੂਰਨ ਹੈ।

ਜੇਕਰ ਮੇਰੀ ਇੱਕ ਆਟੋ-ਇਮਿਊਨ ਦੀ ਸਥਿਤੀ ਅਤੇ/ਜਾਂ ਹੋਰ ਸਿਹਤ ਸਮੱਸਿਆਵਾਂ ਹਨ, ਤਾਂ ਕੀ ਟੀਕਾ ਲਗਵਾਉਣਾ ਸੁਰੱਖਿਅਤ ਹੈ?

ਹਾਂ। ਕੋਵਿਡ-19 ਦੇ ਟੀਕਿਆਂ ਦੀਆਂ ਲੱਖਾਂ ਹੀ ਖੁਰਾਕਾਂ ਦਿਲ ਦੀ ਬਿਮਾਰੀ, ਦਮਾ, ਸ਼ੂਗਰ, ਗਠੀਆ, ਕੈਂਸਰ ਅਤੇ ਟ੍ਰਾਂਸਪਲਾਂਟ ਦੀਆਂ ਵੱਖ-ਵੱਖ ਸਿਹਤ ਸਥਿਤੀਆਂ ਵਾਲੇ ਲੋਕਾਂ ਨੂੰ ਲਗਾਈਆਂ ਗਈਆਂ ਹਨ। ਟੀਕਾਕਰਣ ਕੋਵਿਡ-19 ਤੋਂ ਹੋਣ ਵਾਲੀ ਗੰਭੀਰ ਬਿਮਾਰੀ ਤੋਂ ਬਚਾਏਗਾ। ਜੇਕਰ ਤੁਹਾਡੇ ਕੋਲ ਕੋਈ ਵੀ ਸਵਾਲ ਹੋਣ, ਤਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ।

ਕੀ ਐਲਰਜੀ ਵਾਲੇ ਲੋਕਾਂ ਲਈ ਟੀਕਾ ਸੁਰੱਖਿਅਤ ਹੈ?

ਕੋਵਿਡ-19 ਦੇ ਟੀਕੇ ਵਿੱਚ ਅੰਡੇ, ਜਿਲੇਟਿਨ, ਪ੍ਰਿਜ਼ਰਵੇਟਿਵ ਜਾਂ ਐਂਟੀਬਾਇਓਟਿਕਸ ਸ਼ਾਮਲ ਨਹੀਂ ਹੁੰਦੇ ਹਨ। ਇੱਕ ਸਿਹਤ ਦੇਖਭਾਲ ਪ੍ਰਦਾਤਾ ਇਹ ਯਕੀਨੀ ਬਣਾਉਣ ਲਈ ਤੁਹਾਡੇ ਨਾਲ ਟੀਕੇ ਦੇ ਤੱਤਾਂ ਦੀ ਸਮੀਖਿਆ ਕਰੇਗਾ ਕਿ ਇਹ ਤੁਹਾਡੇ ਲਈ ਸੁਰੱਖਿਅਤ ਹੈ। ਟੀਕਾਕਰਣ ਤੋਂ ਬਾਅਦ, ਘੱਟੋ-ਘੱਟ 15 ਮਿੰਟਾਂ ਲਈ ਕਿਸੇ ਵੀ ਪ੍ਰਤੀਕਿਰਿਆ ਲਈ ਤੁਹਾਡੀ ਨਿਗਰਾਨੀ ਕੀਤੀ ਜਾਵੇਗੀ। ਕਿਸੇ ਵੀ ਪ੍ਰਤੀਕਿਰਿਆ ਦਾ ਤੁਰੰਤ ਇਲਾਜ ਕੀਤਾ ਜਾ ਸਕਦਾ ਹੈ।

ਕੋਵਿਡ-19 ਦੇ ਟੀਕੇ

ਅਕਸਰ ਪੁੱਛੇ ਜਾਣ ਵਾਲੇ ਸਵਾਲ

ਨਵੀਨਤਮ ਅੱਪਡੇਟ: 5 ਅਗਸਤ, 2021

ਕੀ ਟੀਕੇ ਦੇ ਮਾੜੇ ਪ੍ਰਭਾਵ ਹਨ?

ਕੁਝ ਲੋਕਾਂ ਦੇ ਅੰਦਰ ਹਲਕੇ ਮਾੜੇ ਪ੍ਰਭਾਵ ਹੋ ਸਕਦੇ ਹਨ ਜਿਵੇਂ ਕਿ ਸਿਰ ਦਰਦ, ਬੁਖ਼ਾਰ, ਠੰਢ ਲੱਗਣਾ ਜਾਂ ਟੀਕੇ ਵਾਲੀ ਥਾਂ 'ਤੇ ਦਰਦ ਹੋਣਾ। ਦੂਜੀ ਖੁਰਾਕ ਤੋਂ ਬਾਅਦ ਮਾੜੇ ਪ੍ਰਭਾਵ ਵਧੇਰੇ ਆਮ ਹੁੰਦੇ ਹਨ। ਪ੍ਰਤੀਕਿਰਿਆਵਾਂ 1 ਤੋਂ 3 ਦਿਨਾਂ ਤੱਕ ਰਹਿ ਸਕਦੀਆਂ ਹਨ। ਲੱਛਣਾਂ ਤੋਂ ਰਾਹਤ ਪਾਉਣ ਲਈ ਤੁਸੀਂ ਟੀਕਾਕਰਣ ਤੋਂ ਬਾਅਦ ਓਵਰ-ਦੀ-ਕਾਉਂਟਰ ਦਵਾਈਆਂ ਲੈ ਸਕਦੇ ਹੋ।

ਜੇਕਰ ਮੈਂ ਨਸ਼ੀਲੀਆਂ ਦਵਾਈਆਂ ਜਾਂ ਅਲਕੋਹਲ (ਸ਼ਰਾਬ) ਦੀ ਵਰਤੋਂ ਕਰਦਾ/ਦੀ ਹਾਂ, ਤਾਂ ਕੀ ਇਹ ਟੀਕਾ ਲਗਵਾਉਣਾ ਸੁਰੱਖਿਅਤ ਹੈ?

ਹਾਂ। ਜੇਕਰ ਤੁਸੀਂ ਦਵਾਈਆਂ ਜਾਂ ਅਲਕੋਹਲ (ਸ਼ਰਾਬ) ਦੀ ਵਰਤੋਂ ਕਰਦੇ ਹੋ, ਤਾਂ ਟੀਕਾ ਲਗਵਾਉਣਾ ਸੁਰੱਖਿਅਤ ਹੈ।

ਦੋ ਖੁਰਾਕਾਂ ਪ੍ਰਾਪਤ ਕਰਨ ਤੋਂ ਬਾਅਦ, ਕੀ ਮੈਂ "ਆਮ" ਗਤੀਵਿਧੀਆਂ 'ਤੇ ਵਾਪਸ ਆ ਸਕਦਾ/ਦੀ ਹਾਂ?

ਲੋਕਾਂ ਨੂੰ ਉਨ੍ਹਾਂ ਦੀ ਕੋਵਿਡ-19 ਟੀਕੇ ਦੀ ਦੂਜੀ ਖੁਰਾਕ ਦੇ 2 ਹਫ਼ਤਿਆਂ ਬਾਅਦ ਪੂਰੀ ਤਰ੍ਹਾਂ ਟੀਕਾਕਰਣ ਮੰਨਿਆ ਜਾਂਦਾ ਹੈ। ਜਦੋਂ ਤੱਕ ਜ਼ਿਆਦਾਤਰ ਲੋਕਾਂ ਦਾ ਪੂਰੀ ਤਰ੍ਹਾਂ ਟੀਕਾਕਰਣ ਨਹੀਂ ਕੀਤਾ ਜਾਂਦਾ, ਉਦੋਂ ਤੱਕ ਦੂਜਿਆਂ ਤੋਂ ਘੱਟੋ-ਘੱਟ 2 ਮੀਟਰ ਦੀ ਦੂਰੀ ਬਣਾਉਣੀ ਜਾਰੀ ਰੱਖੋ, ਜਦੋਂ ਤੁਸੀਂ ਦੂਰੀ ਨਹੀਂ ਬਣਾ ਸਕਦੇ ਹੋ, ਤਾਂ ਅੰਦਰੂਨੀ ਜਨਤਕ ਸਥਾਨਾਂ 'ਤੇ ਜਾਂ ਬਾਹਰਲੇ ਸਥਾਨਾਂ 'ਤੇ ਮਾਸਕ ਪਾਓ ਅਤੇ ਆਪਣੇ ਹੱਥ ਧੋਵੋ।

ਟੀਕਾ ਲਗਵਾਉਣ ਦੇ ਕੀ ਲਾਭ ਹੁੰਦੇ ਹਨ?

ਜਿਵੇਂ-ਜਿਵੇਂ ਵਧੇਰੇ ਲੋਕਾਂ ਨੂੰ ਟੀਕਾ ਲਗਾਇਆ ਜਾਂਦਾ ਹੈ, ਓਵੇਂ ਹੀ ਕੋਵਿਡ-19 ਦੇ ਕੇਸ ਘੱਟ ਹੁੰਦੇ ਜਾਂਦੇ ਹਨ, ਇਸ ਲਈ ਪਬਲਿਕ ਹੈਲਥ ਦੇ ਕੁਝ ਉਪਾਅ ਹਟਾਏ ਜਾ ਸਕਦੇ ਹਨ ਅਤੇ ਕਾਰੋਬਾਰ ਦੁਬਾਰਾ ਖੁੱਲ੍ਹ ਸਕਦੇ ਹਨ। ਇਸਦਾ ਮਤਲਬ ਹੈ ਕਿ ਅਸੀਂ ਸਾਰੇ ਉਨ੍ਹਾਂ ਗਤੀਵਿਧੀਆਂ ਵਿੱਚ ਵਾਪਸ ਆ ਸਕਦੇ ਹਾਂ, ਜਿਨ੍ਹਾਂ ਦਾ ਅਸੀਂ ਅਨੰਦ ਲੈਂਦੇ ਹਾਂ, ਜਿਸ ਵਿੱਚ ਇਹ ਸ਼ਾਮਲ ਹੈ:

- ਮਨ ਦੀ ਸ਼ਾਂਤੀ ਨਾਲ ਕਮਜ਼ੋਰ ਪਰਿਵਾਰਕ ਮੈਂਬਰਾਂ ਜਾਂ ਦੋਸਤਾਂ ਨੂੰ ਮਿਲਣਾ
- ਯਾਤਰਾ ਕਰਨਾ
- ਕਲਾ, ਮਨੋਰੰਜਨ ਜਾਂ ਖੇਡ ਸਮਾਗਮਾਂ ਵਿੱਚ ਸ਼ਾਮਲ ਹੋਣਾ

ਕੋਵਿਡ-19 ਦੇ ਟੀਕੇ

ਅਕਸਰ ਪੁੱਛੇ ਜਾਣ ਵਾਲੇ ਸਵਾਲ

ਨਵੀਨਤਮ ਅੱਪਡੇਟ: 5 ਅਗਸਤ, 2021

ਟੀਕਾ ਲਗਵਾਉਣ ਨਾਲ ਸਾਡੀ ਸਿਹਤ ਦੇਖਭਾਲ ਪ੍ਰਣਾਲੀ 'ਤੇ ਦਬਾਅ ਵੀ ਘੱਟ ਜਾਂਦਾ ਹੈ, ਤਾਂ ਜੋ ਸਰਜਰੀਆਂ ਅਤੇ ਹੋਰ ਇਲਾਜ ਮੁੜ-ਸ਼ੁਰੂ ਹੋ ਸਕਣ।

ਹੋਰ ਜਾਣਕਾਰੀ ਲਈ toronto.ca/COVID19 'ਤੇ ਵਿਜ਼ਿਟ ਕਰੋ ਜਾਂ ਟੋਰਾਂਟੋ ਪਬਲਿਕ ਹੈਲਥ ਨੂੰ 416-338-7600 'ਤੇ ਕਾਲ ਕਰੋ।